# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**18:20**

**ਮਿਤੀ :20-10-2025**

## <u>ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ</u>

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ, "ਆਪ੍ਰੇਸ਼ਨ ਸਿੰਦੂਰ ਵਿੱਚ ਤਿੰਨਾਂ ਫੌਜਾਂ ਦਰਮਿਆਨ ਸ਼ਾਨਦਾਰ ਤਾਲਮੇਲ ਨੇ ਪਾਕਿਸਤਾਨ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਕੀਤਾ।
- ਪ੍ਰਧਾਨ ਮੰਤਰੀ ਨੇ ਗੋਆ ਅਤੇ ਕਾਰਵਾਰ ਵਿੱਚ INS ਵਿਕਰਾਂਤ 'ਤੇ ਸਮੁੰਦਰੀ ਨਾਲ ਦੀਵਾਲੀ ਮਨਾਉਂਦੇ ਹੋਏ ਕਿਹਾ, "INS ਵਿਕਰਾਂਤ ਆਤਮ-ਨਿਰਭਰ ਭਾਰਤ ਅਤੇ ਮੇਡ ਇਨ ਇੰਡੀਆ ਦਾ ਪ੍ਰਤੀਕ ਏ।"
- ਰੌਸ਼ਨੀਆਂ ਦਾ ਤਿਉਹਾਰ, ਦੀਵਾਲੀ, ਅੱਜ ਪੰਜਾਬ ਸਮੇਤ ਦੇਸ਼ ਭਰ ਵਿੱਚ ਰਵਾਇਤੀ ਉਤਸ਼ਾਹ ਅਤੇ ਖੁਸ਼ੀਆਂ ਨਾਲ ਮਨਾਇਆ ਜਾ ਰਿਹਾ ਏ ।

- ਪੰਜਾਬ ਵਿਧਾਨਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਏ ਕਿ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਨੇ.
- ਭਾਰਤ ਨੇ ਵੀਅਤਨਾਮ ਦੇ ਹੈਫੋਂਗ ਵਿਖੇ ਕਿਸ਼ਤੀ ਚਲਾਉਣ ਦੀ ਏਸ਼ਿਆਈ ਚੈਂਪੀਅਨਸ਼ਿਪ ਵਿੱਚ ਤਿੰਨ ਸੋਨੇ ਦੇ , ਪੰਜ ਚਾਂਦੀ ਦੇ ਅਤੇ ਦੋ ਕਾਂਸੀ ਦੇ ਤਮਗਿਆਂ ਸਮੇਤ ਕੁੱਲ 10 ਤਗਮੇ ਜਿੱਤੇ ਨੇ।

## ਹੁਣ ਖਬਰਾਂ ਵਿਸਥਾਰ ਨਾਲ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ ਤਿੰਨਾਂ ਰੱਖਿਆ ਫੌਜਾਂ ਦਰਮਿਆਨ ਅਸਾਧਾਰਨ ਤਾਲਮੇਲ ਨੇ ਆਪ੍ਰੇਸ਼ਨ ਸਿੰਦੂਰ ਦੌਰਾਨ ਪਾਕਿਸਤਾਨ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਕੀਤਾ। ਭਾਰਤੀ ਹਥਿਆਰਬੰਦ ਫੌਜਾਂ ਨਾਲ ਦੀਵਾਲੀ ਮਨਾਉਣ ਦੀ ਆਪਣੀ ਸਾਲਾਨਾ ਰਵਾਇਤ ਨੂੰ ਜਾਰੀ ਰਖਦਿਆਂ ਸ਼੍ਰੀ ਮੋਦੀ ਨੇ ਅੱਜ ਗੋਆ ਅਤੇ ਕਰਵਾਰ ਦੇ ਸਾਹਿਲ'ਤੇ INS ਵਿਕਰਾਂਤ 'ਤੇ ਸਵਾਰ ਸਮੁੰਦਰੀ ਫੌਜ ਦੇ ਜਵਾਨਾਂ ਨਾਲ ਰੌਸ਼ਨੀਆਂ ਦਾ ਤਿਉਹਾਰ ਮਨਾਇਆ-

byte

ਸ਼੍ਰੀ ਮੋਦੀ ਨੇ ਕਿਹਾ ਕਿ INS ਵਿਕਰਾਂਤ, ਜੋ ਕਿ ਭਾਰਤ ਦਾ ਪਹਿਲਾ ਸਵਦੇਸ਼ੀ ਹਵਾਈ ਜਹਾਜ਼ ਵਾਹਕ ਏ, ਭਾਰਤ ਦੀਆਂ ਹਥਿਆਰਬੰਦ ਫੌਜਾਂ ਦੀ ਸਮਰੱਥਾ ਨੂੰ ਦਰਸਾਉਂਦਾ ਏ । ਉਨ੍ਹਾਂ ਕਿਹਾ ਕਿ INS ਵਿਕਰਾਂਤ ਸਿਰਫ਼ ਇੱਕ ਜੰਗੀ ਜਹਾਜ਼ ਨਹੀਂ ਸਗੋਂ ਇਹ 21ਵੀਂ ਸਦੀ ਦੇ ਭਾਰਤ ਦੇ ਹੁਨਰ, ਦ੍ਰਿੜਤਾ ਅਤੇ ਵਿਸ਼ਵ ਭਰ 'ਚ ਇਸਦੇ ਰੁਤਬੇ ਦਾ ਪ੍ਰਮਾਣ ਏ । ਸ਼੍ਰੀ ਮੋਦੀ ਨੇ ਕਿਹਾ ਕਿ INS ਵਿਕਰਾਂਤ ਆਤਮਨਿਰਭਰ ਭਾਰਤ ਅਤੇ ਮੇਡ ਇਨ ਇੰਡੀਆ ਦਾ ਇੱਕ ਵਿਸ਼ਾਲ ਪ੍ਰਤੀਕ ਏ –

byte

ਸਮੁੰਦਰੀ ਫੌਜ ਦੇ ਜਵਾਨਾਂ ਨੂੰ ਸੰਬੋਧਨ ਕਰਦਿਆਂ, ਉਨ੍ਹਾਂ ਕਿਹਾ ਕਿ ਉਹ ਖੁਸ਼ਕਿਸਮਤ ਨੇ ਕਿ ਉਹ ਉਨ੍ਹਾਂ ਨਾਲ ਪਵਿੱਤਰ ਤਿਉਹਾਰ ਮਨਾ ਰਹੇ ਨੇ. ਸ਼੍ਰੀ ਮੋਦੀ ਨੇ ਕਿਹਾ ਕਿ, ਅੱਜ ਇੱਕ ਸ਼ਾਨਦਾਰ ਦਿਨ ਏ ਕਿਉਂਕਿ ਓਹਨਾਂ ਦੇ ਇੱਕ ਪਾਸੇ ਸਮੁੰਦਰ ਏ, ਅਤੇ ਦੂਜੇ ਪਾਸੇ, ਭਾਰਤ ਮਾਤਾ ਦੇ ਬਹਾਦਰ ਫੌਜੀਆਂ ਦੀ ਤਾਕਤ ਏ । ਉਨ੍ਹਾਂ

ਕਿਹਾ ਕਿ, ਸਮੁੰਦਰ ਦੇ ਪਾਣੀਆਂ 'ਤੇ ਸੂਰਜ ਦੀਆਂ ਕਿਰਨਾਂ ਦੀ ਚਮਕ ਬਹਾਦਰ ਫੌਜਾਂ ਵਲੋਂ ਜਗਾਏ ਗਏ ਦੀਵਾਲੀ ਦੇ ਦੀਵਿਆਂ ਵਾਂਗ ਏ ।

------------------------------------------------------------

ਰੌਸ਼ਨੀਆਂ ਦਾ ਤਿਉਹਾਰ ਦੀਵਾਲੀ ਅੱਜ ਧਾਰਮਿਕ ਉਤਸ਼ਾਹ ਅਤੇ ਖੁਸ਼ੀਆਂ ਨਾਲ ਮਨਾਇਆ ਜਾ ਰਿਹਾ ਏ । ਇਹ ਤਿਉਹਾਰ ਕੱਤਕ ਮਹੀਨੇ ਦੀ ਮੱਸਿਆ ਨੂੰ ਮਨਾਇਆ ਜਾਂਦਾ ਏ । ਅਧਿਆਤਮਿਕ ਤੌਰ 'ਤੇ, ਇਹ ਤਿਉਹਾਰ ਹਨੇਰੇ 'ਤੇ ਰੌਸ਼ਨੀ ਦੀ ਜਿੱਤ ਦਾ ਪ੍ਰਤੀਕ ਏ । ਹਿੰਦੂ ਸਨਾਤਨ ਸੱਭਿਆਚਾਰ ਵਿੱਚ ਦੀਵਾਲੀ ਨਾਲ ਸਬੰਧਤ ਕਈ ਮਾਨਤਾਵਾਂ ਨੇ. ਇਹ ਮੰਨਿਆ ਜਾਂਦਾ ਏ ਕਿ ਇਸ ਦਿਨ ਭਗਵਾਨ ਸ਼੍ਰੀ ਰਾਮ 14 ਸਾਲ ਦਾ ਬਨਵਾਸ ਪੂਰਾ ਕਰਨ ਤੋਂ ਬਾਅਦ ਅਯੁੱਧਿਆ ਵਾਪਸ ਆਏ ਸਨ। ਇਸ ਮੌਕੇ 'ਤੇ, ਅਯੁੱਧਿਆ ਦੇ ਲੋਕਾਂ ਨੇ ਉਨ੍ਹਾਂ ਦਾ ਸਵਾਗਤ ਕਰਨ ਲਈ ਦੀਵੇ ਜਗਾਏ ਸਨ। ਲੋਕ ਇਸ ਮੌਕੇ 'ਤੇ ਧਨ ਦੀ ਦੇਵੀ ਲਕਸ਼ਮੀ ਦੀ ਪੂਜਾ ਕਰਦੇ ਨੇ. ਦੀਵਾਲੀ ਨੂੰ ਸਿੱਖ, ਬੋਧੀ ਅਤੇ ਜੈਨ ਵੀ ਖਾਸ ਤੌਰ 'ਤੇ

ਮਨਾਉਂਦੇ ਨੇ. ਜੈਨ ਭਾਈਚਾਰਾ ਇਸਨੂੰ ਭਗਵਾਨ ਮਹਾਂਵੀਰ ਦੇ ਮੁਕਤੀ ਪ੍ਰਾਪਤ ਕਰਨ ਵਜੋਂ ਮਨਾਉਂਦੇ ਨੇ, ਅਤੇ ਸਿੱਖ ਭਾਈਚਾਰਾ ਇਸਨੂੰ ਬੰਦੀ ਛੋੜ ਦਿਵਸ ਵਜੋਂ ਮਨਾਉਂਦਾ ਏ। ਦੀਵਾਲੀ ਦੇ ਤਿਉਹਾਰ 'ਤੇ, ਲੋਕ ਆਪਣੇ ਅਜ਼ੀਜ਼ਾਂ ਨੂੰ ਤੋਹਫ਼ੇ ਦਿੰਦੇ ਨੇ, ਜਦੋਂ ਕਿ ਘਰਾਂ ਨੂੰ ਰੰਗੀਨ ਲਾਈਟਾਂ ਨਾਲ ਸਜਾਇਆ ਜਾਂਦਾ ਏ. ਰਾਸ਼ਟਰਪਤੀ, ਉਪਰਾਸ਼ਟਰਪਤੀ ਤੇ ਪ੍ਰਧਾਨ ਮੰਤਰੀ ਨੇ ਇਸ ਮੌਕੇ ਦੇਸ਼ ਵਾਸੀਆਂ ਨੂੰ ਵਧਾਈ ਦਿੱਤੀ ਏ. ਰਾਸ਼ਟਰਪਤੀ ਦ੍ਰੋਪਦੀ ਮੁਰਮੂ ਨੇ ਦੀਵਾਲੀ ਦੇ ਮੌਕੇ 'ਤੇ ਭਾਰਤ ਅਤੇ ਦੁਨੀਆ ਭਰ'ਚ ਰਹਿੰਦੇ ਸਾਰੇ ਭਾਰਤੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਆਪਣੇ ਸੰਦੇਸ਼ ਵਿੱਚ, ਰਾਸ਼ਟਰਪਤੀ ਨੇ ਕਿਹਾ ਕਿ ਦੀਵਾਲੀ ਭਾਰਤ ਦੇ ਸਭ ਤੋਂ ਪ੍ਰਸਿੱਧ ਤਿਉਹਾਰਾਂ ਵਿੱਚੋਂ ਇੱਕ ਏ, ਜੋ ਕਿ ਬੇਹਦ ਜੋਸ਼ ਅਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਏ। ਰਾਸ਼ਟਰਪਤੀ ਮੁਰਮੂ ਨੇ ਹਰੇਕ ਨਾਗਰਿਕ ਨੂੰ ਦੀਵਾਲੀ ਨੂੰ ਸੁਰੱਖਿਅਤ, ਜ਼ਿੰਮੇਵਾਰੀ ਨਾਲ ਅਤੇ ਚੁਗਿਰਦੇ ਪ੍ਰਤੀ ਸੁਖਾਵੇਂ ਢੰਗ ਨਾਲ ਮਨਾਉਣ ਦੀ ਅਪੀਲ ਕੀਤੀ ਅਤੇ ਕਾਮਨਾ ਕੀਤੀ ਕਿ ਰੌਸ਼ਨੀ ਦਾ ਤਿਉਹਾਰ ਸਾਰਿਆਂ ਲਈ ਖੁਸ਼ੀ, ਸ਼ਾਂਤੀ ਅਤੇ ਖੁਸ਼ਹਾਲੀ ਲਿਆਵੇ।

ਉਪ ਰਾਸ਼ਟਰਪਤੀ ਸੀ ਪੀ ਰਾਧਾਕ੍ਰਿਸ਼ਨਨ ਨੇ ਦੀਵਾਲੀ ਦੇ ਮੌਕੇ 'ਤੇ ਦੇਸ਼ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਸਾਰੇ ਭਾਰਤੀਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ ਨੇ. ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੀਵਾਲੀ ਦੇ ਮੌਕੇ 'ਤੇ ਦੇਸ਼ ਵਾਸੀਆਂ ਨੂੰ ਵਧਾਈਆਂ ਦਿੱਤੀਆਂ ਨੇ. ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, ਸ਼੍ਰੀ ਮੋਦੀ ਨੇ ਕਾਮਨਾ ਕੀਤੀ ਕਿ ਰੌਸ਼ਨੀਆਂ ਦਾ ਇਹ ਤਿਉਹਾਰ ਹਰ ਨਾਗਰਿਕ ਦੇ ਜੀਵਨ ਨੂੰ ਸਦਭਾਵਨਾ, ਖੁਸ਼ੀ ਅਤੇ ਖੁਸ਼ਹਾਲੀ ਨਾਲ ਰੌਸ਼ਨ ਕਰੇ। ਪ੍ਰਧਾਨ ਮੰਤਰੀ ਨੇ ਪ੍ਰਾਰਥਨਾ ਕੀਤੀ ਕਿ ਦੇਸ਼ ਭਰ ਵਿੱਚ ਸਕਾਰਾਤਮਕਤਾ ਦੀ ਭਾਵਨਾ ਮਜ਼ਬੂਤ ਰਹੇ। ਪੰਜਾਬ ‘ਚ ਵੀ ਦੀਵਾਲੀ ਦੀ ਪੂਰੀ ਰੌਣਕ ਦੇਖਣ ਨੂੰ ਮਿਲ ਰਹੀ ਏ. ਮੁਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਾਰਿਆਂ ਨੂੰ ਦੀਵਾਲੀ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਦੀਵਾਲੀ ਸਾਰਿਆਂ ਦੇ ਘਰਾਂ ‘ਚ ਤਰੱਕੀ ਅਤੇ ਤੰਦਰੁਸਤੀ ਲੈ ਕੇ ਆਵੇ. ਓਹਨਾਂ ਇਹ ਕਾਮਨਾ ਵੀ ਕੀਤੀ ਕਿ ਪਰਿਵਾਰਾਂ ‘ਚ ਆਪਸੀ ਪਿਆਰ ਤੇ ਖੁਸ਼ੀਆਂ ਬਣੀਆਂ ਰਹਿਣ.

-------------------------------------------------

ਜਲੰਧਰ ਕਮਿਸ਼ਨਰੇਟ ਪੁਲਿਸ ਵੱਲੋਂ ਤਿਉਹਾਰਾਂ ਮੌਕੇ ਸ਼ਹਿਰ

ਵਿੱਚ ਸ਼ਾਂਤੀਪੂਰਨ, ਸੁਰੱਖਿਅਤ ਅਤੇ ਕਾਨੂੰਨ-ਵਿਵਸਥਾ ਵਾਲਾ ਮਾਹੌਲ ਬਣਾਈ ਰੱਖਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਨੇ. ਸ਼ਹਿਰ ਦੇ ਮੁੱਖ ਇਲਾਕਿਆਂ, ਬਾਜ਼ਾਰਾਂ ਅਤੇ ਭੀੜ-ਭਾੜ ਵਾਲੀਆਂ ਥਾਵਾਂ 'ਤੇ ਪੁਲਿਸ ਦੀ ਮੌਜੂਦਗੀ ਵਧਾਈ ਗਈ ਏ। ਪੁਲਿਸ ਗਸ਼ਤ ਨੂੰ ਹੋਰ ਤੀਬਰ ਬਣਾਇਆ ਗਿਆ ਏ ਅਤੇ ਸ਼ਹਿਰ ਦੇ ਮਹੱਤਵਪੂਰਣ ਜੰਕਸ਼ਨਾਂ 'ਤੇ ਹਾਈਟੈੱਕ ਨਾਕੇ ਅਤੇ ਚੈੱਕ ਪੁਆਇੰਟਸ ਸਥਾਪਤ ਕੀਤੇ ਗਏ ਨੇ ਤਾਂ ਜੋ ਹਰ ਗਤੀਵਿਧੀ 'ਤੇ ਹੋਰ ਚੌਕਸੀ ਨਾਲ ਨਜ਼ਰ ਰੱਖੀ ਜਾ ਸਕੇ। ਸ਼ਹਿਰ ਦੇ ਪ੍ਰਮੁੱਖ ਚੌਰਾਹਿਆਂ 'ਤੇ ਲਗੇ ਪਬਲਿਕ ਐਡਰੈੱਸ ਸਿਸਟਮ ਰਾਹੀਂ ਜਨਤਕ ਐਲਾਨ ਕਰਕੇ ਨਾਗਰਿਕਾਂ ਨੂੰ ਸੁਰੱਖਿਆ, ਪਟਾਕੇ ਚਲਾਉਣ ਦੇ ਸਮੇਂ, ਟ੍ਰੈਫਿਕ ਨੇਮਾਂ ਅਤੇ ਸਾਵਧਾਨੀਆਂ ਬਾਰੇ ਲਗਾਤਾਰ ਜਾਣਕਾਰੀ ਦਿੱਤੀ ਜਾ ਰਹੀ ਏ। ਜਲੰਧਰ ਕਮਿਸ਼ਨਰੇਟ ਪੁਲਿਸ ਨੇ ਸਾਰੇ ਨਾਗਰਿਕਾਂ ਨੂੰ ਅਪੀਲ ਕੀਤੀ ਏ ਕਿ ਪਟਾਕੇ ਚਲਾਉਣ ਲਈ ਨਿਰਧਾਰਿਤ ਸਮੇਂ ਸ਼ਾਮ 8 ਵਜੇ ਤੋਂ 10 ਵਜੇ ਤੱਕ ਦੀ ਪਾਲਣਾ ਕੀਤੀ ਜਾਵੇ, ਸੁਰੱਖਿਆ ਨੇਮਾਂ ਦੀ ਪਾਲਣਾ ਕਰਦਿਆਂ ਤਿਉਹਾਰ ਨੂੰ ਸ਼ਾਂਤੀ ਅਤੇ ਭਾਈਚਾਰੇ ਦੀਆਂ ਭਾਵਨਾਵਾਂ ਨਾਲ ਮਨਾਇਆ ਜਾਵੇ।

ਕਿਸੇ ਵੀ ਸ਼ੱਕੀ ਗਤੀਵਿਧੀ ਦੀ ਜਾਣਕਾਰੀ ਤੁਰੰਤ 112 ਨੰਬਰ ‘ਤੇ ਸਾਂਝੀ ਕੀਤੀ ਜਾਵੇ.

----------------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਇਸ ਮਹੀਨੇ ਦੀ 26 ਤਰੀਕ ਨੂੰ ਆਕਾਸ਼ਵਾਣੀ 'ਤੇ "ਮਨ ਕੀ ਬਾਤ" ਪ੍ਰੋਗਰਾਮ 'ਚ ਦੇਸ਼ ਵਿਦੇਸ਼ ਦੇ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਨਗੇ। ਇਹ ਹਰ ਮਹੀਨੇ ਪ੍ਰਸਾਰਿਤ ਹੋਣ ਵਾਲੇ ਰੇਡੀਓ ਪ੍ਰੋਗ੍ਰਾਮ ਦਾ 127 ਵਾਂ ਐਪੀਸੋਡ ਹੋਵੇਗਾ। ਪ੍ਰਧਾਨ ਮੰਤਰੀ ਵੱਲੋਂ ਇਸ ਪ੍ਰੋਗ੍ਰਾਮ ਵਿਚ ਸ਼ਾਮਿਲ ਕੀਤੇ ਜਾਣ ਲਈ ਵਿਸ਼ਿਆਂ ਜਾਂ ਮੁੱਦਿਆਂ ਬਾਰੇ ਤੁਸੀਂ ਆਪਣੇ ਸੁਝਾਅ ਦੇ ਸਕਦੇ ਹੋ. ਸੁਝਾਵਾਂ ਨੂੰ MY GOV ਓਪਨ ਫੋਰਮ ‘ਤੇ ਸਾਂਝਾ ਕੀਤਾ ਜਾ ਸਕਦਾ ਏ . ਵਿਕਲਪਕ ਤੌਰ 'ਤੇ, ਤੁਸੀਂ ਟੋਲ-ਫ੍ਰੀ ਨੰਬਰ 1800-11-7800 'ਤੇ ਵੀ ਡਾਇਲ ਕਰ ਸਕਦੇ ਹੋ ਅਤੇ ਪ੍ਰਧਾਨ ਮੰਤਰੀ ਲਈ ਆਪਣਾ ਸੰਦੇਸ਼ ਹਿੰਦੀ ਜਾਂ ਅੰਗਰੇਜ਼ੀ ਵਿੱਚ ਰਿਕਾਰਡ ਕਰ ਸਕਦੇ ਹੋ। ਕੁਝ ਰਿਕਾਰਡ ਕੀਤੇ ਸੁਨੇਹੇ ਪ੍ਰਸਾਰਣ ਦਾ ਹਿੱਸਾ ਬਣ ਸਕਦੇ ਨੇ। ਸੁਝਾਅ ਇਸ ਮਹੀਨੇ ਦੀ 24 ਤਰੀਕ

ਤੱਕ ਭੇਜੇ ਜਾ ਸਕਦੇ ਨੇ. 'ਮਨ ਕੀ ਬਾਤ' ਪ੍ਰੋਗਰਾਮ ਆਕਾਸ਼ਵਾਣੀ ਅਤੇ ਦੂਰਦਰਸ਼ਨ ਦੇ ਸਮੁੱਚੇ ਨੈੱਟਵਰਕ, ਆਕਾਸ਼ਵਾਣੀ ਖਬਰਾਂ ਦੀ WEBSITE ਅਤੇ NEWSONAIR ਮੋਬਾਈਲ ਐਪ 'ਤੇ ਪ੍ਰਸਾਰਿਤ ਕੀਤਾ ਜਾਵੇਗਾ। ਇਸ ਨੂੰ AIR ਨਿਊਜ਼, DD ਨਿਊਜ਼, ਪ੍ਰਧਾਨ ਮੰਤਰੀ ਦੇ ਦਫਤਰ ਅਤੇ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੇ YOUTUBE ਚੈਨਲਾਂ 'ਤੇ ਵੀ ਲਾਈਵ ਸਟ੍ਰੀਮ ਕੀਤਾ ਜਾਵੇਗਾ। ਆਕਾਸ਼ਵਾਣੀ ,ਹਿੰਦੀ ਪ੍ਰਸਾਰਣ ਤੋਂ ਤੁਰੰਤ ਬਾਅਦ ਪ੍ਰੋਗਰਾਮ ਨੂੰ ਖੇਤਰੀ ਭਾਸ਼ਾਵਾਂ ਵਿੱਚ ਵੀ ਪ੍ਰਸਾਰਿਤ ਕਰੇਗਾ

-------------------------------------------------------

ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਨਹਿਰੂ ਸਟੇਡੀਅਮ ਫਰੀਦਕੋਟ ਵਿਖੇ ਦਸ਼ਮੇਸ਼ ਸਪੋਰਟਸ ਐਂਡ ਵੈਲਫੇਅਰ ਕਲੱਬ ਵੱਲੋਂ ਕਰਵਾਏ ਗਏ 20 ਵੇਂ ਹੈਡਬਾਲ ਲੀਗ ਟੂਰਨਾਮੈਂਟ ਵਿੱਚ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ ਆਪਣੇ ਸੰਬੋਧਨ ਵਿੱਚ ਸ਼੍ਰੀ ਸੰਧਵਾਂ ਨੇ ਕਿਹਾ ਕਿ ਜਿੱਥੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨੌਜਵਾਨਾਂ ਲਈ ਖੇਡਾਂ ਵਤਨ ਪੰਜਾਬ ਦੀਆਂ ਕਰਵਾ ਕੇ ਨਸ਼ਿਆਂ ਨੂੰ ਖਤਮ ਕਰਨ ਦਾ

ਉਪਰਾਲਾ ਕੀਤਾ ਜਾ ਰਿਹਾ ਏ, ਉਥੇ ਹੀ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਵੀ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਨੇ. ਉਨ੍ਹਾਂ ਕਿਹਾ ਕਿ ਅਜਿਹੇ ਟੂਰਨਾਮੈਂਟ ਕਰਵਾਉਣਾ ਬੇਹਦ ਸ਼ਲਾਘਾ ਯੋਗ ਕਦਮ ਏ । ਇਸ ਮੌਕੇ ਉਨ੍ਹਾਂ ਖਿਡਾਰੀਆਂ ਨੂੰ ਖੇਡਾਂ ਪ੍ਰਤੀ ਪਿਆਰ ਰੱਖਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਦਾ ਵੀ ਸੁਨੇਹਾ ਦਿੱਤਾ। ਇਸ ਮੌਕੇ ਜੇਤੂ ਖਿਡਾਰੀਆਂ ਦੀ ਹੌਸਲਾ ਅਫਜਾਈ ਕਰਨ ਲਈ ਉਨ੍ਹਾਂ ਨੂੰ ਇਨਾਮ ਵੀ ਵੰਡੇ ਗਏ। ਇਸ ਮੌਕੇ ਸ਼੍ਰੀ ਸੰਧਵਾਂ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕੀਤੀ ਕਿ ਚੁਗਿਰਦੇ ਪੱਖੀ ਅਤੇ ਪ੍ਰਦੂਸ਼ਣ ਰਹਿਤ ਦੀਵਾਲੀ ਮਨਾਈ ਜਾਵੇ।

---------------------------------------------------

ਭਾਰਤ ਨੇ ਵੀਅਤਨਾਮ ਦੇ ਹੈਫੋਂਗ ਵਿਖੇ ਹੋਈ ਕਿਸ਼ਤੀ ਚਲਾਉਣ ਦੀ ਏਸ਼ਿਆਈ ਚੈਂਪੀਅਨਸ਼ਿਪ ਵਿੱਚ ਸ਼ਾਨਦਾਰ ਕਾਰਗੁਜ਼ਾਰੀ ਦਿਖਾਉਂਦਿਆਂ, ਤਿੰਨ ਸੋਨੇ ਦੇ , ਪੰਜ ਚਾਂਦੀ ਦੇ ਅਤੇ ਦੋ ਕਾਂਸੀ ਦੇ ਤਮਗਿਆਂ ਸਮੇਤ ਕੁੱਲ 10 ਤਗਮੇ ਜਿੱਤੇ ਨੇ । ਭਾਰਤੀ ਟੀਮ ਨੇ

ਮਰਦਾਂ ਦੇ ਲਾਈਟਵੇਟ ਡਬਲ ਸਕਲ, ਕਵਾਡਰ-ਪਲ ਸਕਲ ਅਤੇ ਸਿੰਗਲ ਸਕਲ ਮੁਕਾਬਲਿਆਂ ਵਿੱਚ ਸੋਨੇ ਦੇ ਤਗਮੇ ਜਿੱਤੇ।

-------------------------------------------------

ਏਸ਼ੀਅਨ ਯੂਥ ਗੇਮਜ਼ ਵਿੱਚ, ਭਾਰਤ ਦੀ 15 ਸਾਲਾ ਖੁਸ਼ੀ ਨੇ ਕੱਲ੍ਹ ਬਹਿਰੀਨ ਵਿੱਚ ਕੁਰਾਸ਼ ਵਿੱਚ ਕਾਂਸੀ ਦਾ ਤਗਮਾ ਜਿੱਤਿਆ। ਕੁੜੀਆਂ ਦੇ 70 ਕਿਲੋਗ੍ਰਾਮ ਵਰਗ ਵਿੱਚ 6 ਪਹਿਲਵਾਨਾਂ ਦਰਮਿਆਨ ਹੋਏ ਮੁਕਾਬਲੇ ‘ਚ ਉਸਨੂੰ ਕੁਆਰਟਰ ਫਾਈਨਲ ਵਿੱਚ ਬਾਈ ਮਿਲੀ ਅਤੇ ਸੈਮੀਫਾਈਨਲ ਵਿੱਚ ਉਜ਼ਬੇਕਿਸਤਾਨ ਦੀ ਡੀ. ਤੁਰਸੁਨੋਵਾ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ. ਕੁਰਾਸ਼, ਕੁਸ਼ਤੀ ਦਾ ਇੱਕ ਰਵਾਇਤੀ ਰੂਪ ਏ ਜੋ ਆਧੁਨਿਕ ਉਜ਼ਬੇਕਿਸਤਾਨ ਵਿੱਚ ਸ਼ੁਰੂ ਹੋਇਆ ਸੀ।

-------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਏ ਕਿ, "ਆਪ੍ਰੇਸ਼ਨ ਸਿੰਦੂਰ ਵਿੱਚ ਤਿੰਨਾਂ ਫੌਜਾਂ ਦਰਮਿਆਨ ਸ਼ਾਨਦਾਰ ਤਾਲਮੇਲ ਨੇ ਪਾਕਿਸਤਾਨ ਨੂੰ ਆਤਮ ਸਮਰਪਣ ਕਰਨ ਲਈ ਮਜਬੂਰ ਕੀਤਾ।

- ਪ੍ਰਧਾਨ ਮੰਤਰੀ ਨੇ ਗੋਆ ਅਤੇ ਕਾਰਵਾਰ ਵਿੱਚ INS ਵਿਕਰਾਂਤ 'ਤੇ ਸਮੁੰਦਰੀ ਨਾਲ ਦੀਵਾਲੀ ਮਨਾਉਂਦੇ ਹੋਏ ਕਿਹਾ, "INS ਵਿਕਰਾਂਤ ਆਤਮ-ਨਿਰਭਰ ਭਾਰਤ ਅਤੇ ਮੇਡ ਇਨ ਇੰਡੀਆ ਦਾ ਪ੍ਰਤੀਕ ਏ ।"
- ਰੌਸ਼ਨੀਆਂ ਦਾ ਤਿਉਹਾਰ, ਦੀਵਾਲੀ, ਅੱਜ ਪੰਜਾਬ ਸਮੇਤ ਦੇਸ਼ ਭਰ ਵਿੱਚ ਰਵਾਇਤੀ ਉਤਸ਼ਾਹ ਅਤੇ ਖੁਸ਼ੀਆਂ ਨਾਲ ਮਨਾਇਆ ਜਾ ਰਿਹਾ ਏ ।
- ਪੰਜਾਬ ਵਿਧਾਨਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਏ ਕਿ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਨੇ.
- ਭਾਰਤ ਨੇ ਵੀਅਤਨਾਮ ਦੇ ਹੈਫੋਂਗ ਵਿਖੇ ਕਿਸ਼ਤੀ ਚਲਾਉਣ ਦੀ ਏਸ਼ਿਆਈ ਚੈਂਪੀਅਨਸ਼ਿਪ ਵਿੱਚ ਤਿੰਨ ਸੋਨੇ ਦੇ , ਪੰਜ ਚਾਂਦੀ ਦੇ ਅਤੇ ਦੋ ਕਾਂਸੀ ਦੇ ਤਮਗਿਆਂ ਸਮੇਤ ਕੁੱਲ 10 ਤਗਮੇ ਜਿੱਤੇ ਨੇ ।

**ਨਾਲ ਪ੍ਰਦੇਸ਼ਕ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਰਾਸ਼ਟਰੀ**

**ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ 7 ਵੱਜਕੇ 30 ਮਿੰਟ 'ਤੇ ਨਮਸਕਾਰ !**